13

# ਯਿਸੂ ਦੀ ਅਜ਼ਮਾਇਸ਼

## ਮੱਤੀ 4:1-11, ਇਕ ਠੇਠ ਝਾਤ

ਆਪਣੀ ਜਨਤਕ ਸੇਵਕਾਈ ਸ਼ੁਰੂ ਕਰਨ ਤੋਂ ਥੋੜ੍ਹਾ ਪਹਿਲਾਂ, ਯਿਸੂ ਦਾ ਦੁਸ਼ਮਣ ਨਾਲ ਸਾਹਮਣਾ ਆਪਣੀ ਅਜ਼ਮਾਇਸ਼ ਲਈ ਸਭ ਤੋਂ ਵੱਡੀ ਉਲਝਣ ਵਿਚ ਹੋਇਆ।[1] ਬੁਰਿਆਈ ਆਪਣੇ ਪੂਰੇ ਜ਼ੋਰ ਅਤੇ ਜ਼ਬਰ ਨਾਲ ਉਸਦੇ ਸਾਹਮਣੇ ਆਈ। ਉਸ ਤੇ ਇਸ ਤੋਂ ਪਹਿਲਾਂ ਐਡਾ ਵੱਡਾ ਹਮਲਾ ਕਦੇ ਨਹੀਂ ਹੋਇਆ ਸੀ ਅਤੇ ਨਾ ਦੁਬਾਰਾ ਹੋਣਾ ਸੀ। ਇਹ ਅਧਿਐਨ ਯਿਸੂ ਦੀ ਅਜ਼ਮਾਇਸ਼ ਤੇ ਹੀ ਹੈ।[2]

ਪਿੱਠ ਭੂਮੀ ਦੱਸ ਕੇ ਸਾਨੂੰ ਅਜ਼ਮਾਇਸ਼ ਦੇ ਤਿੰਨਾਂ ਪਹਿਲੂਆਂ ਨੂੰ ਵਿਖਾਉਣਾ ਜ਼ਰੂਰੀ ਹੈ। ਅਸੀਂ ਇਨ੍ਹਾਂ ਗੱਲਾਂ ਤੇ ਵਿਚਾਰ ਕਰਾਂਗੇ ...

(1) *ਥਾਂ:* ਥਾਂ ਉਜਾੜ ਸੀ। ਲੜਾਈ ਦੇ ਮੈਦਾਨ ਦੇ ਰੂਪ ਵਿਚ ਮਾਨਵੀ ਹਮਦਰਦੀ ਤੋਂ ਦੂਰ[3] ਸੁੰਨਸਾਨ ਚੁਣੀ ਗਈ। ਇੱਥੇ ਉੱਪਰੀ ਸਜਾਵਟ ਉਤਾਰ ਦਿੱਤੀ ਗਈ ਅਤੇ ਅਜ਼ਮਾਇਸ਼ ਜਾਂ ਲੋਭ ਹੀ ਬਾਕੀ ਸੀ। ਕਹਿੰਦੇ ਹਨ ਕਿ ਪਾਪ ਕਰਕੇ ਆਦਮ ਨੇ ਬਾਗ ਨੂੰ ਉਜਾੜ ਬਣਾ ਦਿੱਤਾ ਸੀ, ਪਰ ਯਿਸੂ ਨੇ ਪਾਪ ਦਾ ਸਾਹਮਣਾ ਕਰਕੇ ਉਜਾੜ ਨੂੰ ਬਾਗ ਬਣਾ ਦਿੱਤਾ ਸੀ।

(2) *ਵਿਰੋਧੀ:* ਪਹਿਲਾ, ਜਿਸ ਨੂੰ ਹੁਣੇ ਹੁਣੇ ਬਪਤਿਸਮਾ ਲੈਣ ਪਿੱਛੋਂ ਖ਼ੁਦਾ ਨੇ ਆਪਣੇ ਪੁੱਤਰ ਦੇ ਰੂਪ ਵਿਚ ਮੰਨਿਆ ਸੀ, ਉਹ ਯਿਸੂ ਸੀ। ਉਹ ਆਪਣੀ ਸੇਵਕਾਈ ਅਰੰਭ ਕਰਨ ਲਈ ਤਿਆਰ ਹੋ ਕੇ ਪਾਣੀ ਵਿੱਚੋਂ ਬਾਹਰ ਆਇਆ ਸੀ। ਦੂਜਾ, ਉੱਥੇ ਸ਼ੈਤਾਨ ਸੀ। ਉਜਾੜ ਦੇ ਅਨੁਭਵ ਵਿਚ ਯਿਸੂ ਦਾ ਸਾਹਮਣਾ ਅਕਾਸ਼ ਦੇ ਅਧਿਕਾਰ ਦੇ ਹਾਕਮ ਭਾਵ ਇਸ ਸੰਸਾਰ ਦੇ ਈਸ਼ਵਰ ਅਤੇ ਅੰਧਕਾਰ ਦੇ ਹਾਕਮ ਨਾਲ ਹੋਇਆ (2 ਕੁਰਿੰਥੀਆਂ 4:4; ਅਫ਼ਸੀਆਂ 2:2; 6:12)।

(3) *ਮਹੱਤਵ:* ਇਹ ਸੰਯੋਗ ਅਚਾਨਕ ਭਾਵ ''ਅਕਸਮਾਤ'' ਹੀ ਨਹੀਂ ਸੀ। 4:1 ਕਹਿੰਦਾ ਹੈ ਕਿ ''ਯਿਸੂ ਆਤਮਾ ਦੀ ਅਗਵਾਈ ਨਾਲ ਉਜਾੜ ਵਿਚ ਗਿਆ ਕਿ ਸ਼ੈਤਾਨ ਤੋਂ ਪਰਤਾਇਆ ਜਾਵੇ।'' ਇਕ ਖ਼ੁਦਾਈ ਯੋਜਨਾ ਅੰਜਾਮ ਦਿੱਤੀ ਜਾ ਰਹੀ ਸੀ। ਸ਼ਾਇਦ ਇਸ ਤੱਥ ਨਾਲ ਕਿ ਸ਼ੈਤਾਨ ਨੂੰ ਇਸ ਮੁਕਾਬਲੇ ਲਈ ਸਾਹਮਣੇ ਆਉਣਾ ਪਿਆ ਸੀ, ਜ਼ਿਆਦਾ ਕੋਈ ਗੱਲ ਸਾਫ਼ ਨਹੀਂ ਹੈ। ਉਸ ਨੂੰ ਪਿੱਛੇ ਬੈਠ ਕੇ ਕਿਸੇ ਕਰਿੰਦੇ ਰਾਹੀਂ ਕੰਮ ਕਰਨਾ ਚੰਗਾ ਲਗਦਾ ਹੈ, ਪਰ ਯਿਸੂ ਨਾਲ ਉਸ ਨੂੰ ਆਹਮੋ ਸਾਹਮਣੇ ਹੋਣਾ ਪਿਆ, ਤਾਂ ਜੋ ਪਰਮੇਸ਼ੁਰ ਦਾ ਮਕਸਦ ਪੂਰਾ ਹੋਵੇ।

ਅਜ਼ਮਾਇਸ਼ ਦੇ ਅਧਿਐਨ ਨਾਲ ਮਿਲੇ ਫਾਇਦਿਆਂ ਵਿੱਚੋਂ ਇਕ ਇਸ ਤੱਥ ਨਾਲ ਮਿਲਦਾ ਹੈ ਕਿ ਸ਼ੈਤਾਨ ਨੂੰ ਖੁੱਲ੍ਹ ਕੇ ਸਾਹਮਣੇ ਆਉਣਾ ਪਿਆ ਸੀ। ਇਸ ਤਰ੍ਹਾਂ ਉਸ ਦੇ ਢੰਗ ਅਤੇ ਉਦੇਸ਼ ਬੇਨਕਾਬ ਹੋ ਗਏ ਸਨ। ਯਿਸੂ ਦੀਆਂ ਤਿੰਨ ਅਜ਼ਮਾਇਸ਼ਾਂ ਦਾ ਅਧਿਐਨ ਕਰਦੇ ਹੋਏ, ਸ਼ੈਤਾਨ ਦੀ ਚਤੁਰਾਈ ਨੂੰ ਧਿਆਨ ਵਿਚ ਰੱਖੋ। ਉਹ ਹਜ਼ਾਰਾਂ ਸਾਲਾਂ ਤੋਂ ਲੋਕਾਂ ਨੂੰ ਧੋਖਾ ਦਿੰਦਾ ਆਇਆ ਸੀ। ਲੱਖਾਂ ਅਨੁਭਵਾਂ ਤੋਂ ਪ੍ਰਾਪਤ ਹੋਇਆ ਉਸ ਦੀ ਕਹਾਰਤ ਮਸੀਹ ਨੂੰ ਹਟਾਉਣ ਲਈ ਹੈ।

### ਪਹਿਲੀ ਅਜ਼ਮਾਇਸ਼ (4:1-4)

ਸ਼ੈਤਾਨ ਨੇ ਮਸੀਹ ਸਾਹਮਣੇ ਪਹਿਲੀ ਅਜਮਾਇਸ਼ ਸਰੀਰਕ ਹੀ ਰੱਖੀ।

**ਸ਼ੈਤਾਨ (ਆਇਤਾਂ 1-3)**

> ਤਦ ਯਿਸੂ ਆਤਮਾ ਦੀ ਅਗਵਾਈ ਨਾਲ ਉਜਾੜ ਵਿਚ ਗਿਆ[4] ਕਿ ਸ਼ੈਤਾਨ ਕੋਲੋਂ ਪਰਤਾਇਆ ਜਾਵੇ। ਅਤੇ ਜਦ ਚਾਲੀ ਦਿਨ ਅਤੇ ਚਾਲੀ ਰਾਤਾਂ ਰੋਜ਼ਾ ਰੱਖਿਆ ਤਾਂ ਓੜਕ ਉਹ ਨੂੰ ਭੁੱਖ ਲੱਗੀ। ਤਦ ਪਰਤਾਉਣ ਵਾਲੇ ਨੇ ਕੋਲ ਆਣ ਕੇ ਉਹ ਨੂੰ ਕਿਹਾ, ਜੇ ਤੂੰ ਪਰਮੇਸ਼ੁਰ ਦਾ ਪੁੱਤਰ ਹੈ ਤਾਂ ਕਹਿ ਜੋ ਇਹ ਪੱਥਰ ਰੋਟੀਆਂ ਬਣ ਜਾਣ (ਆਇਤਾਂ 1–3)।

ਪਹਿਲੀ ਅਜ਼ਮਾਇਸ਼ ਵਿਚ ਸ਼ੈਤਾਨ ਦਾ ਮਕਸਦ ਖ਼ੁਦਾ ਨਾਲ ਮਸੀਹ ਦੀ ਵਫ਼ਾਦਾਰੀ ਦੀ ਅਜ਼ਮਾਇਸ਼ ਕਰਨਾ ਸੀ। ਉਸ ਨੇ ਯਿਸੂ ਨੂੰ ਚੁਣੌਤੀ ਦਿੱਤੀ: ''ਜੇ ਤੂੰ ਪਰਮੇਸ਼ੁਰ ਦਾ ਪੁੱਤਰ ਹੈਂ ਤਾਂ ਕਹਿ ਜੋ ਇਹ ਪੱਥਰ ਰੋਟੀਆਂ ਬਣ ਜਾਣ'' (ਆਇਤ 3ਅ)। ਚਾਲੀ ਦਿਨ ਪਹਿਲਾਂ ਹੀ, ਸੁਰਗੋਂ ਇਕ ਅਕਾਸ਼ਵਾਣੀ ਹੋਈ ਸੀ, ''ਇਹ ਮੇਰਾ ਪਿਆਰਾ ਪੁੱਤਰ ਹੈ, ਜਿਸ ਤੋਂ ਮੈਂ ਪਰਸੰਨ ਹਾਂ'' (ਮੱਤੀ 3:17)। ਹੁਣ, ਅਸਲ ਵਿਚ ਸ਼ੈਤਾਨ ਨੇ ਕਿਹਾ ਕਿ ''ਜੇ ਇਹ ਅਕਾਸ਼ਵਾਣੀ ਸੱਚ ਸੀ, ਕਿ ਤੂੰ ਸਚਮੁਚ ਪਰਮੇਸ਼ੁਰ ਦਾ ਪੁੱਤਰ ਹੈ, ਤਾਂ ਤੂੰ ਭੁੱਖਾ ਕਿਉਂ ਹੈ? ਬਿਨਾਂ ਇਖ਼ਤਿਆਰ ਦੇ ਅਹੁਦਾ ਕਿਸ ਕੰਮ ਦਾ?'' ਸ਼ੈਤਾਨ ਦੇ ਕਹਿਣ ਦਾ ਮਤਲਬ ਇਹ ਸੀ ਕਿ ਯਿਸੂ ਉਜਾੜ ਦੇ ਪੱਥਰਾਂ ਨੂੰ ਰੋਟੀਆਂ ਬਣਾ ਕੇ ਦੋ ਮਕਸਦ ਹਾਸਿਲ ਕਰ ਸਕਦਾ ਹੈ: ਉਹ (ਭੁੱਖ ਦੀ ਆਪਣੀ) ਜਾਇਜ਼ ਲੋੜ ਨੂੰ ਪੂਰਾ ਕਰ ਸਕਦਾ ਸੀ, ਅਤੇ ਨਾਲ ਹੀ ਆਪਣੇ ਆਪ ਨੂੰ ਪੁੱਤਰ ਸਾਬਤ ਕਰ ਸਕਦਾ ਸੀ।

ਮੈਂ ਯਿਸੂ ਦੀ ਥਾਂ ਹੁੰਦਾ ਤਾਂ ਮੇਰਾ ਜਵਾਬ ਸ਼ਾਇਦ ਇਹ ਹੁੰਦਾ ''ਸ਼ੈਤਾਨਾ, ਮੈਂ ਤੈਨੂੰ ਹੁਣੇ ਵਿਖਾ ਦਿੰਦਾ ਹਾਂ!'' ਮੈਂ ਤਾਂ ਉਨ੍ਹਾਂ ਪੱਥਰਾਂ ਨੂੰ ਰੋਟੀਆਂ ਬਣਾ ਹੀ ਦਿੰਦਾ। ਕਿਸੇ ਵੀ ਚੁਣੌਤੀ ਵਿਚ ਪਿੱਠ ਵਿਖਾਉਣਾ ਮੈਨੂੰ ਚੰਗਾ ਨਹੀਂ ਲਗਦਾ ਹੈ। ਤੁਸੀਂ ਵੀ ਮੇਰੇ ਵਰਗੇ ਹੀ ਹੋਵੋਗੇ।

**ਮਸੀਹਾ (ਆਇਤ 4)**

ਮਸੀਹ ਸ਼ੈਤਾਨ ਦੀ ਚਾਲ ਸਮਝ ਗਿਆ ਸੀ ਅਤੇ ''ਉਸ ਨੇ ਜਵਾਬ ਦਿੱਤਾ, ਲਿਖਿਆ ਹੈ'' (ਆਇਤ 4)। ਅਜਮਾਇਸ਼ ਵਿਰੁੱਧ ਯਿਸੂ ਦਾ ਹਥਿਆਰ ਖ਼ੁਦਾ ਦਾ ਵਚਨ ਸੀ। ਜ਼ਬੂਰ ਲਿਖਣ ਵਾਲੇ ਨੇ ਕਿਹਾ ਸੀ, ''ਮੈਂ ਤੇਰੇ ਬਚਨ ਨੂੰ ਆਪਣੇ ਮਨ ਵਿਚ ਜਮ੍ਹਾ ਕਰ ਲਿਆ, ਤਾਂ ਜੋ ਤੇਰਾ ਪਾਪ ਨਾ ਕਰਾਂ'' (ਜ਼ਬੂਰ 119:11)। ਅਜ਼ਮਾਇਸ਼ ਤੋਂ ਹਾਰ ਮੰਨਣ ਤੋਂ ਬਚਣ ਦਾ ਸਭ ਤੋਂ ਵਧੀਆ ਢੰਗ ਆਪਣੇ ਮਨ ਨੂੰ ਵਚਨ ਨਾਲ ਭਰ ਲੈਣਾ ਹੈ।

ਇਸ ਅਜਮਾਇਸ਼ ਦਾ ਸਾਹਮਣਾ ਕਰਨ ਲਈ ਢੁਕਵੀਂ ਆਇਤ ਵਿਵਸਥਾਸਾਰ 8:3 ਵਿਚ ਮਿਲਦਾ ਹੈ। ਯਿਸੂ ਨੇ ਉਸ ਦਾ ਜ਼ਿਕਰ ਕਰਕੇ ਕਿਹਾ, ''ਇਨਸਾਨ ਨਿਰੀ ਰੋਟੀ ਨਾਲ ਹੀ ਜਿਊਂਦਾ ਨਹੀਂ ਰਹੇਗਾ ਪਰ ਹਰੇਕ ਵਾਕ ਨਾਲ ਜਿਹੜਾ ਪਰਮੇਸ਼ੁਰ ਦੇ ਮੁੱਖੋਂ ਨਿੱਕਲਦਾ ਹੈ'' (ਆਇਤ 4)। ਪਹਿਲਾਂ, ''ਇਨਸਾਨ'' ਤੇ ਨਿਸ਼ਾਨ ਲਾ ਲਓ: ''ਇਨਸਾਨ ਨਿਰੀ ਰੋਟੀ ਨਾਲ ਹੀ ਜਿਊਂਦਾ ਨਹੀਂ ਰਹੇਗਾ।'' ਉਜਾੜ ਵਿਚ ਚਾਲੀ ਦਿਨ ਖ਼ਾਸ ਕਰ ਕੇ ਯਿਸੂ ਦੇ ਖ਼ੁਦਾ ਹੋਣ ਦੀ ਨਹੀਂ, ਬਲਕਿ ਉਸ ਦੇ ਇਨਸਾਨ ਹੋਣ ਦੀ ਅਜ਼ਮਾਇਸ਼ ਸਨ। ਉਸ ਦਾ ਮਕਸਦ ਇਹ ਸਾਬਤ ਕਰਨਾ ਨਹੀਂ ਸੀ ਕਿ ਉਹ ਖ਼ੁਦਾ ਹੈ? ਬਲਕਿ ਇਹ ਵਿਖਾਉਣਾ ਸੀ ਕਿ ਉਹ ਖ਼ੁਦਾ ਦੀ ਪਰਗਟ ਇੱਛਾ ਨਾਲ ਪੂਰੀ ਤਰ੍ਹਾਂ ਰਹਿ ਰਿਹਾ ਸਿੱਧ ਮਨੁੱਖ ਸੀ।

ਫਿਰ, ''ਰੋਟੀ'' ਅਤੇ ''ਹਰੇਕ ਵਾਕ ਨਾਲ ਜਿਹੜਾ ਪਰਮੇਸ਼ੁਰ ਦੇ ਮੁੱਖੋਂ ਨਿੱਕਲਦਾ ਹੈ'' ਸ਼ਬਦਾਂ ਵਿਚ ਫਰਕ ਵੇਖੋ। ਯਿਸੂ ਰੋਟੀ ਅਤੇ ਪਰਮੇਸ਼ੁਰ ਦੀ ਇੱਛਾ ਵਿੱਚੋਂ ਇਕ ਚੁਣ ਸਕਦਾ ਸੀ। ਇਸ ਮੌਕੇ, ਸਾਫ਼ ਹੈ ਇਹ ਖ਼ੁਦਾ ਦੀ ਇੱਛਾ ਸੀ ਕਿ ਉਹ ਭੁੱਖਾ ਰਹੇ ਤਾਂ ਜੋ ਉਹ ਉਸ ਦੇ ਦਾਇਰੇ ਵਿਚ ਬਣਿਆ ਰਹੇ।

ਯਿਸੂ ਨੇ ਪਹਿਲੀ ਪਰੀਖਿਆ ਪਾਸ ਕਰ ਲਈ ਸੀ।

## ਦੂਜੀ ਅਜ਼ਮਾਇਸ਼ (4:5-7)

ਦੂਜੀ ਅਜ਼ਮਾਇਸ਼ ਰੂਹਾਨੀ ਸੀ

**ਸ਼ੈਤਾਨ** (**ਆਇਤਾਂ** 5, 6)

ਸ਼ੈਤਾਨ ਐਨੀ ਅਸਾਨੀ ਨਾਲ ਹਾਰ ਨਹੀਂ ਮੰਨਦਾ ਹੈ। ਅਗਲੀ ਅਜ਼ਮਾਇਸ਼ ਲਈ, ਉਸ ਨੇ ਬੜੀ ਹੋਸ਼ਿਆਰੀ ਨਾਲ ਥਾਂ ਚੁਣੀ ਸੀ। ਉਹ ਮਸੀਹ ਨੂੰ ''ਪਵਿੱਤਰ ਨਗਰ'' ਯਰੂਸ਼ਲਮ ਵਿਚ ਲੈ ਗਿਆ (ਆਇਤ 5), ਜਿਹੜਾ ਯਿਸੂ ਤੇ ਯਹੂਦੀਆਂ ਲਈ ਇਕ ਬਹੁਤ ਅਹਿਮ ਥਾਂ ਸੀ (ਜ਼ਬੂਰਾਂ ਦੀ ਪੋਥੀ 48:2; 137:5; ਮੱਤੀ 23:37)। ਫਿਰ ਉਹ ਉਸ ਨੂੰ ਉਸ ਨਗਰ ਦੇ ਸਭ ਪਵਿੱਤਰ ਸਥਾਨ, ਹੈਕਲ ਵਿਚ ਲੈ ਗਿਆ। ਅਖ਼ੀਰ ਉਹ ਉਸ ਨੂੰ ਉਸ ਭਵਨ ਦੇ ਸਭ ਤੋਂ ਪ੍ਰਸਿੱਧ ਸਥਾਨ ਤੇ ਲੈ ਗਿਆ। ਬਾਈਬਲ ਦੱਸਦੀ ਹੈ ਕਿ ਉਸਨੇ ਉਸ ਨੂੰ ''ਹੈਕਲ ਦੇ ਕਿੰਗਰੇ ਤੇ ਖੜਾ ਕੀਤਾ'' (ਆਇਤ 5)। ਹੈਕਲ ਦੇ ਕਿੰਗਰੇ ਜਿਹੀ ਕੋਈ ਚੀਜ਼ ਨਹੀਂ ਸੀ, ਇਸ ਲਈ ਸੰਭਵ ਅਰਥ ਇਹ ਹੈ ਕਿ ਉਹ ਯਿਸੂ ਨੂੰ ਹੈਕਲ ਦੀ ਸਭ ਤੋਂ ਉੱਚੀ ਥਾਂ ਤੇ ਲੈ ਗਿਆ, ਜਿਹੜੀ ਦੱਖਣੀ ਹਿੱਸੇ ਵਿਚ ਹੋਵੇਗੀ। ਇੱਥੋਂ ਹੇਠਾਂ ਹੈਕਲ ਦੇ ਵਿਹੜੇ ਨੂੰ ਵੇਖਿਆ ਜਾ ਸਕਦਾ ਸੀ ਅਤੇ ਦੂਰ ਤਕ ਫੈਲੇ ਹੋਏ ਨਗਰ ਦਾ ਸਰਵੇਖਣ ਕੀਤਾ ਜਾ ਸਕਦਾ ਸੀ। ਇਹ ਇਕ ਸੁੰਦਰ ਅਤੇ ਫੈਸਲਾਕੁੰਨ ਲਾਭ ਦੀ ਸਥਿਤੀ ਸੀ।

ਉੱਚੇ ਟਿੱਲੇ ਤੇ ਯਿਸੂ ਕੋਲ ਖੜੇ, ਸ਼ੈਤਾਨ ਨੇ ਉਸ ਨੂੰ ਕਿਹਾ, ''ਅਗਰ ਤੂੰ ਪਰਮੇਸ਼ੁਰ ਦਾ ਪੁੱਤਰ ਹੈਂ, ਤਾਂ ਆਪਣੇ ਆਪ ਨੂੰ ਹੇਠਾਂ ਡੇਗ ਦਿਹ, ਕਿਉਂਕਿ ਲਿਖਿਆ ਹੈ ਕਿ ਉਹ ਤੇਰੇ ਲਈ ਆਪਣੇ ਦੂਤਾਂ ਨੂੰ ਹੁਕਮ ਦਵੇਗਾ; ਅਤੇ ਉਹ ਤੈਨੂੰ ਆਪਣੇ ਹੱਥਾਂ ਤੇ ਚੁੱਕ ਲੈਣਗੇ, ਅਤੇ ਪੱਥਰ ਨਾਲ ਤੇਰੇ ਪੈਰ ਨੂੰ ਸਟ ਲੱਗੇ'' (ਆਇਤ 6)।

ਇਹ ਕਹਿ ਕੇ ਸ਼ੈਤਾਨ ਖ਼ੁਦਾ ਉੱਤੇ ਮਸੀਹ ਦੇ ਭਰੋਸੇ ਦੀ ਰੀਖਿਆ ਕਰ ਰਿਹਾ ਸੀ। ਦੂਜੇ ਸ਼ਬਦਾਂ ਵਿਚ, ਉਹ ਕਰ ਰਿਹਾ ਸੀ, ''ਤੈਨੂੰ ਪਰਮੇਸ਼ੁਰ ਤੇ ਭਰੋਸਾ ਹੈ, ਹੈ ਨਾ? ਚੱਲ ਵੇਖਦੇ ਹਾਂ ਕਿ ਤੂੰ ਖ਼ੁਦਾ ਵਿਚ ਕਿੰਨਾ ਭਰੋਸਾ ਰੱਖਦਾ ਹੈਂ। ਕੀ ਤੈਨੂੰ ਖ਼ੁਦਾ ਤੇ ਐਨਾ ਭਰੋਸਾ ਹੈ ਕਿ ਤੂੰ ਆਪਣੇ ਆਪ ਨੂੰ ਇਸ ਕਿੰਗਰੇ। ਟਿੱਲੇ ਤੋਂ ਹੇਠਾਂ ਡੇਗ ਸਕੇਂ?'' ਅਸਲ ਵਿਚ, ਉਸ ਨੇ ਯਿਸੂ ਨੂੰ ਕਿਹਾ ਸੀ, ਤੂੰ ਪਵਿੱਤਰ ਵਚਨ ਦਾ ਹਵਾਲਾ ਦਿੱਤਾ ਹੈ। ਮੈਂ ਵੀ ਥੋੜਾ ਬਹੁਤ ਵਚਨ ਦਾ ਗਿਆਨ ਰੱਖਦਾ ਹਾਂ। ਉਸ ਨੇ ਜ਼ਬੂਰ 91:11, 12 ਵਿਚ ਵਰਣਿਤ ਕੀਤਾ। 1 ਜ਼ਬੂਰ 91 ਖ਼ੁਦਾ ਤੇ ਭਰੋਸਾ ਰੱਖਣ ਬਾਰੇ ਹੈ। ਪਹਿਲੀ ਆਇਤ ਕਹਿੰਦੀ ਹੈ ''ਜਿਹੜਾ ਅੱਤ ਮਹਨ ਦੀ ਓਟ ਵਿਚ ਵੱਸਦਾ ਹੈ ਉਹ ਸਰਵਸ਼ਕਤੀਮਾਨ ਦੇ ਸਾਏ ਹੇਠ ਟਿਕੇਗਾ!''

ਇਹ ਕੇਡੀ ਔਖੀ ਅਜਮਾਇਸ਼ ਸੀ ਅਤੇ ਹੈ! ਇਸ ਇਹ ਸੁਝਾਅ ਹੈ ਕਿ ਭਰੋਸਾ ਅਸਧਾਰਣ ਕੰਮ ਨੂੰ ਕਰਨ ਦੇ ਯਤਨ ਨਾਲ ਜੋ ਸਾਹਸੀ, ਸਗੋਂ ਖ਼ਤਰਨਾਕ ਹੋਵੇ, ਪਰਗਟਾਇਆ ਗਿਆ ਹੈ।

**ਮਸੀਹ** (**ਆਇਤ** 7)

ਸ਼ੈਤਾਨ ਨੇ ''ਆਤਮਾ ਦੀ ਤਲਵਾਰ'' (ਅਫ਼ਸੀਆਂ 6:17) ਚਲਾਉਣ ਦੀ ਕੋਸ਼ਿਸ਼ ਕੀਤੀ, ਪਰ ਯਿਸੂ ਨੇ ਆਪਣੇ ਆਪ ਨੂੰ ਉਸ ਨਾਲੋਂ ਬੇਹਤਰ ਤਲਵਾਰਬਾਜ਼ ਸਾਬਤ ਕੀਤਾ। ''ਯਿਸੂ ਨੇ ਉਸ ਨੂੰ ਕਿਹਾ, ਇਹ ਵੀ ਲਿਖਿਆ ਹੈ'' (ਆਇਤ 7)। ਦੂਜੇ ਸ਼ਬਦਾਂ ਵਿਚ, ''ਸ਼ੈਤਾਨ ਨੇ ਬਾਈਬਲ ਦਾ ਇਕ ਹਵਾਲਾ ਦਿੱਤਾ, ਪਰ ਇਸ ਵਿਸ਼ੇ ਤੇ ਵਚਨ ਦੀ ਸਿਰਫ਼ ਇਕ ਆਇਤ ਨਾਲ ਗੱਲ ਨਹੀਂ ਬਣੇਗੀ। ਇਸ ਵਿਸ਼ੇ ਤੇ ਬਾਈਬਲ ਜੋ ਆਖਦੀ ਹੈ, ਉਸ ਸਭ ਨੂੰ ਮਿਲਾਉਣਾ ਜ਼ਰੂਰੀ ਹੈ।'' ਬਹੁਤੀ ਗਲਤੀ

ਵਚਨ ਨੂੰ ਵੱਖ ਕਰਕੇ ਅਤੇ ਉਸੇ ਵਿਸ਼ੇ ਤੇ ਉਸ ਨਾਲ ਸਬੰਧਿਤ ਦੂਜੀਆਂ ਆਇਤਾਂ ਤੇ ਵਿਚਾਰ ਨਾ ਕਰਨ ਕਰਕੇ ਹੁੰਦੀ ਹੈ।[7]

ਫਿਰ ਯਿਸੂ ਨੇ ਵਿਵਸਥਾਸਾਰ 6:16 ਦਾ ਹਵਾਲਾ ਵਿਖਾਇਆ: ''ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਨਾ ਪਰਤਾ'' (ਆਇਤ 7)। ਮਸੀਹ ਦੇ ਜਵਾਬ ਨੂੰ ਗਲਤ ਨਾ ਸਮਝੋ। ਉਸ ਨੇ ਆਪਣੇ ਆਪ ਨੂੰ ਖ਼ੁਦਾ ਨੂੰ ਦੱਸਦੇ ਹੋਏ ਨਹੀਂ ਕਿਹਾ ਕਿ ''ਮੇਰੀ ਅਜਮਾਇਸ਼ ਕਰਨਾ ਗਲਤ ਹੈ।'' ਧਿਆਨ ਕਰੋ ਕਿ ਉਹ ਖ਼ੁਦਾ ਰੂਪ ਵਿਚ ਨਹੀਂ, ਸਗੋਂ ਸਿੱਧ ਮਨੁੱਖ ਦੇ ਰੂਪ ਵਿਚ ਪਰਖਿਆ ਜਾ ਰਿਹਾ ਸੀ। ਇਸ ਦੇ ਉਲਟ ਉਸ ਨੇ ਕਿਹਾ ਕਿ ਉਸ ਦੇ ਲਈ ਖ਼ੁਦਾ ਦੀ ਅਜ਼ਮਾਇਸ਼ ਕਰਨਾ ਗਲਤ ਹੋਵੇਗਾ।

ਸ਼ੈਤਾਨ ਨੇ ਕਿਹਾ ਸੀ ਕਿ ਹੈਕਲ ਦੇ ਕਿੰਗਰੇ ਜਾਂ ਟਿੱਲੇ ਤੋਂ ਛਾਲ ਮਾਰਨ ਤੇ ਇਹ ਪਤਾ ਚੱਲ ਜਾਵੇਗਾ ਕਿ ਯਿਸੂ ਨੂੰ ਸਚਮੁਚ ਖ਼ੁਦਾ ਤੇ ਭਰੋਸਾ ਹੈ; ਲੇਕਿਨ ਯਿਸੂ ਨੇ ਕਿਹਾ ਕਿ ਇਸ ਨਾਲ ਇਹ ਸੰਦੇਸ਼ ਜਾਵੇਗਾ ਕਿ ਉਹ ਖ਼ੁਦਾ ਦੀ ਅਜ਼ਮਾਇਸ਼ ਕਰ ਰਿਹਾ ਹੈ। ਅਸਲ ਵਿਚ ਇਸ ਤੋਂ ਇਹ ਲਗਦਾ ਹੈ ਕਿ ਉਸ ਨੂੰ ਖ਼ੁਦਾ ਤੇ ਭਰੋਸਾ ਨਹੀਂ ਹੈ। ਜੇ ਅਸੀਂ ਕਿਸੇ ਤੇ ਵੀ ਭਰੋਸਾ ਰੱਖਦੇ ਹਾਂ ਤਾਂ ਸਾਨੂੰ ਉਸ ਦੀ ਅਜ਼ਮਾਇਸ਼ ਕਰਨ ਦੀ ਲੋੜ ਨਹੀਂ ਹੁੰਦੀ। ਉਸ ਵਿਅਕਤੀ ਤੇ ਸਾਡਾ ਈਮਾਨ ਡੋਲਣ ਤੇ ਹੀ ਉਸ ਦੀ ਅਜ਼ਮਾਇਸ਼ ਕਰਨ ਦਾ ਵਿਚਾਰ ਮਨ ਵਿਚ ਆਏਗਾ।

ਖ਼ੁਦਾ ਤੇ ਭਰੋਸਾ ਜੀਵਨ ਦੀ ਕਿਸੇ ਵੀ ਗੱਲ ਦਾ ਸਾਹਮਣਾ ਕਰਨ ਲਈ ਉਸ ਦੀ ਮਦਦ ਤੇ ਸਾਡੀ ਨਿਰਭਰਤਾ ਵਿਚ ਵਿਖਾਇਆ ਜਾਦਾ ਹੈ। ਇਹ ਉਸ ਅੱਗੇ ਰੱਖੀ ਸਾਡੀ ਬਣਾਵਟੀ ਅਜ਼ਮਾਇਸ਼ਾਂ ਵਿਚ ਪਰਗਟ ਨਹੀਂ ਕੀਤਾ ਜਾਂਦਾ।[8]

ਇਕ ਵਾਰ ਫੇਰ, ਯਿਸੂ ਨੇ ਆਪਣੇ ਆਪ ਨੂੰ ਸਿਧਾਂਤ ਤੇ ਚੱਲਣ ਵਾਲਾ ਇਕ ਮਨੁੱਖ ਵਿਖਾਇਆ, ਜੋ ਆਪਣੇ ਮਨ ਵਿਚ ਖ਼ੁਦਾ ਦੀ ਇੱਛਾ ਵਿਚ ਬਣੇ ਰਹਿਣ ਦਾ ਮਜ਼ਬੂਤ ਇਰਾਦਾ ਸੀ। ਉਸ ਨੇ ਦੂਜੀ ਅਜ਼ਮਾਇਸ਼ ਵੀ ਸਹਿ ਲਈ।

## ਤੀਜੀ ਅਜ਼ਮਾਇਸ਼ (4:8-10)

ਇਹ ਪਰੀਖਿਆ ਸਭ ਤੋਂ ਮੁਸ਼ਕਿਲ ਸੀ, ਕਿਉਂਕਿ ਇਸ ਵਿਚ ਯਿਸੂ ਦੇ ਮਿਸ਼ਨ ਦੀ ਅਜ਼ਮਾਇਸ਼ ਸੀ ਜਾਂ ਹੋਰ ਸਾਫ਼ ਕਹੀਏ ਤਾਂ ਇਹ ਕਿਸੇ ਵੀ ਕੀਮਤ ਤੇ ਯਿਸੂ ਦੁਆਰਾ ਆਪਣੇ ਉਦੇਸ ਨੂੰ ਪੂਰਾ ਕਰਨ ਦੇ ਸੰਕਲਪ ਦੀ ਅਜ਼ਮਾਇਸ਼ ਕੀਤੀ। ਦਾਸ ਨੂੰ ਨਾਸ ਕਰਨ ਵਿਚ ਨਾਕਾਮ ਹੋਣ ਪਿੱਛੋਂ ਸ਼ੈਤਾਨ ਨੇ ਉਸ ਦੀ ਸੇਵਾ ਨੂੰ ਨਾਸ ਕਰਨ ਦੀ ਕੋਸ਼ਿਸ਼ ਕਰਨੀ ਸੀ।

### ਸ਼ੈਤਾਨ (ਆਇਤਾਂ 8, 9)

ਇਹ ਅਜ਼ਮਾਇਸ਼ ਸਭ ਤੋਂ ਸਪੱਸ਼ਟ ਸੀ। ਪਹਿਲੀਆਂ ਦੋ ਅਜ਼ਮਾਇਸ਼ਾਂ ਵਿਚ ਯਿਸੂ ਨੇ ਸ਼ੈਤਾਨ ਦੀਆਂ ਦੁਸ਼ਟ ਚਾਲਾਂ ਨੂੰ ਬੇਨਕਾਬ ਕੀਤਾ ਸੀ ਅਤੇ ਉਸ ਦੇ ਅਸਲ ਦੁਸ਼ਟ ਮਕਸਦਾਂ ਨੂੰ ਵਿਖਾਇਆ ਸੀ। ਤੀਜੀ ਅਜ਼ਮਾਇਸ਼ ਵਿਚ, ਸ਼ੈਤਾਨ ਨੇ ਅਜ਼ਮਾਇਸ਼ ਦੇ ਢੰਗਾਂ ਨੂੰ ਵਰਤਣਾ ਬੰਦ ਕਰ ਦਿੱਤਾ। ਉਸ ਨੇ ਜਾਣ ਬੁੱਧ ਕੇ ਸਿੱਧੀ ਚੁਣੌਤੀ ਦਿੰਦਿਆਂ ਮਸੀਹ ਨੂੰ ਆਪਣੇ ਅੱਗੇ ਝੁਕਣ ਲਈ ਕਿਹਾ।

''ਫੇਰ, ਸ਼ੈਤਾਨ ਉਹ ਨੂੰ ਇਕ ਵੱਡੇ ਉੱਚੇ ਪਹਾੜ[9] ਉੱਤੇ ਨਾਲ ਲੈ ਗਿਆ ਅਤੇ ਜਗਤ ਦੀਆਂ ਸਾਰੀਆਂ ਬਾਦਸ਼ਾਹੀਆਂ ਅਤੇ ਉਨ੍ਹਾਂ ਦਾ ਜਲੌ ਉਹ ਨੂੰ ਵਿਖਾਇਆ'' (ਆਇਤ 8)। ਉਨ੍ਹਾਂ ਸਭ ਬਾਦਸ਼ਾਹੀਆਂ ਦੀ ਕਲਪਨਾ ਕਰਨ ਦੀ ਕੋਸ਼ਿਸ਼ ਕਰੋ, ਦੁਨੀਆਂ ਦੀਆਂ ਮੌਜੂਦਾ ਅਤੇ ਗੁਜ਼ਰੇ ਜ਼ਮਾਨੇ ਦੀਆਂ ਸਭ ਬਾਦਸ਼ਾਹੀਆਂ ਜਿਨ੍ਹਾਂ ਵਿਚ ਮਹਾਨ ਰੋਮੀ ਹਕੂਮਤ, ਯੂਨਾਨ, ਫਾਰਸ, ਬਾਬੁਲ, ਅਸ਼ੂਰ, ਮਿਸਰ, ਦਾਊਦ ਅਤੇ ਸੁਲੇਮਾਨ ਦੀ ਬਾਦਸ਼ਾਹੀ ਵੀ ਹੈ। ਬਿਤੁਨੀਆ ਅਤੇ ਸੂਰੀਆ ਸਣੇ ਅਣਲੱਭੇ ਦੇਸ਼ਾਂ ਦੀਆਂ ਬਾਦਸ਼ਾਹੀਆਂ ਦੀ ਤਾਂ ਗੱਲ ਹੀ ਛੱਡੋ।

ਫਿਰ ਸ਼ੈਤਾਨ ਨੇ ਆਖਿਆ, ''ਜੇ ਤੂੰ ਮੈਨੂੰ ਨਿਉਂ ਕੇ ਮੈਨੂੰ ਮੱਥਾ ਟੇਕੇਂ ਤਾਂ ਇਹ ਸਭ ਕੁਝ ਮੈਂ ਤੈਨੂੰ ਦੇ ਦਿਆਂਗਾ'' (ਆਇਤ 9)। ਕਹਿਣ ਦਾ ਭਾਵ ਇਹ ਹੈ ਕਿ ਸ਼ੈਤਾਨ ਨੇ ਇਹ ਸਭ ਦੇਣਾ ਸੀ (ਵੇਖੋ ਲੂਕਾ 4:6) ਅਤੇ ਇਸ ਗੱਲ ਤੋਂ ਯਿਸੂ ਨੇ ਇਨਕਾਰ ਕਰ ਦਿੱਤਾ। ਜੇ ਇਹ ਪੇਸ਼ਕਸ਼ ਝੂਠੀ ਹੁੰਦੀ,[10] ਤਾਂ ਅਜ਼ਮਾਇਸ਼ ਦੀ ਤਾਂ ਕੋਈ ਗੱਲ ਹੀ ਨਹੀਂ ਸੀ। ਯਿਸੂ ਦੇ ਸਮੇਂ ਵੀ ਅੱਜ ਵਾਂਗ ਹੀ ਸੰਸਾਰ ਦੇ ਰਾਜਾਂ ਤੇ ਸ਼ੈਤਾਨ ਦਾ ਪ੍ਰਭਾਵ ਸੀ। ਉਹ ਉਸ ਸਾਹਮਣੇ ਝੁਕ ਗਏ ਸਨ; ਉਹ ਉਸ ਦੇ ਹੁਕਮਾਂ ਨੂੰ ਮੰਨਦੇ ਸਨ; ਅਤੇ ਉਸ ਦੀ ਇੱਛਾ ਦੇ ਅਧੀਨ ਸਨ। ਬਾਅਦ ਵਿਚ ਸਿਸੂ ਨੇ ਉਸ ਨੂੰ ''ਇਸ ਜਗਤ ਦਾ ਸਰਦਾਰ'' ਕਿਹਾ (ਯੂਹੰਨਾ 12:31)।[11]

ਮੈਂ ਪਹਿਲਾਂ ਹੀ ਸੁਝਾਅ ਪੇਸ਼ ਕੀਤਾ ਹੈ ਕਿ ਉਹ ਯਿਸੂ ਦੇ ਮਿਸ਼ਨ ਦੀ ਇਕ ਅਜ਼ਮਾਇਸ਼ ਸੀ। ਸ਼ੈਤਾਨ ਇਹ ਸੁਝਾਅ ਦੇ ਰਿਹਾ ਸੀ ਕਿ ਮਸੀਹ ਬਿਨਾਂ ਦੁੱਖ ਸਹੇ ਐਤ ਮੌਤ ਦੇ ਲਗਭਗ ਅਜਿਹਾ ਹੀ ਕੁਝ ਪਾ ਸਕਦਾ ਹੈ।[12] ਉਸ ਨੇ ਉਸ ਨੂੰ ਇਕ ਖ਼ੁਦਾਈ ਉਦੇਸ਼ ਨੂੰ ਪਾਉਣ ਦਾ ਸ਼ਾਟਕਟ ਦੱਸਿਆ। ਮਰਨ ਦੇ ਬਜਾਇ ਝੁਕ ਜਾਣਾ ਕਿੰਨਾ ਅਸਾਨ ਹੋਣਾ ਸੀ!

ਯਿਸੂ ਲਈ ਅਜ਼ਮਾਇਸ਼ ਦਾ ਅਰਥ ਸ਼ੈਤਾਨ ਦੀ ਚਤੁਰਾਈ ਭਰੀ ਡੂੰਘੀ ਸਮਝ ਤੋਂ ਕਿਤੇ ਵੱਧ ਹੋਵੇਗੀ। ਉਸ ਭਿਆਨਕਤਾ ਨੂੰ ਜੋ ਮਸੀਹ ਤੇ ਆਉਣ ਵਾਲੀ ਸੀ, ਸਮਝਣ ਲਈ ਗਤਸਮਨੀ ਦੇ ਬਾਗ਼ ਵਿਚ ਉਸ ਨੂੰ ਆਪਣੇ ਪਿਤਾ ਅੱਗੇ ਹਾੜੇ ਪਾਉਂਦਿਆਂ ਵੇਖੋ। ਜਦ ਉਸ ਦੇ ਮੱਥੇ ਤੋਂ ਪਸੀਨਾ ਚੋਂ ਰਿਹਾ ਸੀ: ''ਹੇ ਮੇਰੇ ਪਿਤਾ, ਜੇ ਹੋ ਸਕੇ ਤਾਂ ਇਹ ਪਿਆਲਾ ਮੈਥੋਂ ਟਲ ਜਾਵੇ'' (ਮੱਤੀ 26:39)। ਉਸ ਨੂੰ ਸਲੀਬ ਤੇ ਇਹ ਪੁਕਾਰਦੇ ਹੋਏ, ''ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ, ਤੂੰ ਮੈਨੂੰ ਕਿਉਂ ਛੱਡ ਦਿੱਤਾ?'' (27:46)। ਯਕੀਨ ਜਾਣੋ, ਇਹ ਸਚਮੁਚ ਦੀ ਅਜ਼ਮਾਇਸ਼ ਸੀ।

ਅਖ਼ੀਰ ਵਿਚ, ਸ਼ੈਤਾਨ ਵੱਲੋਂ ਮਸੀਹ ਦਾ ਅਨੁਮਾਨ ਲਾਉਣਾ ਵੇਖੋ। ਉਸ ਨੇ ਯਿਸੂ ਨੂੰ ਉਨ੍ਹਾਂ ਸਭ ਰਾਜਾਂ ਤੋਂ ਵੱਧ ਮੰਨਿਆ, ਜੋ ਉਸ ਨੇ ਪ੍ਰਾਪਤ ਕੀਤੇ ਸਨ। ਕੁਝ ਲੋਕ ਇਸ ਗੱਲ ਤੇ ਵਿਸਵਾਸ ਨਹੀਂ ਕਰਦੇ ਕਿ ਯਿਸੂ ਦੀ ਮੌਤ ਸਭ ਲਈ ਕਾਫ਼ੀ ਹੋ ਸਕਦੀ ਹੈ, ਪਰ ਸ਼ੈਤਾਨ ਨੇ ਉਸ ਦੇ ਅਸਲੀ ਮਹੱਤਵ ਨੂੰ ਸਮਝ ਲਿਆ ਸੀ।

**ਮਸੀਹ (ਆਇਤ 10)**

ਸ਼ੈਤਾਨ ਨੂੰ ਜਵਾਬ ਦਿੰਦਿਆਂ, ਪਹਿਲੀ ਵਾਰ ਯਿਸੂ ਨੇ ਆਪਣੀ ਇਖਤਿਆਰ ਭਰੀ ਭਾਸ਼ਾ ਦੀ ਵਰਤੋਂ ਕੀਤੀ। ਯਿਸੂ ਨੂੰ ਇਹ ਇਖ਼ਤਿਆਰ ਪਿਛਲੇ ਹਮਲਿਆਂ ਵਿੱਚੋਂ ਹਾਸਲ ਕੀਤੀ ਜਿੱਤ ਤੋਂ ਮਿਲਿਆ ਸੀ।

ਪਹਿਲਾਂ ਤਾਂ ਮਸੀਹ ਨੇ ਅਜ਼ਮਾਇਸ਼ ਕਰਨ ਵਾਲੇ ਨੂੰ ਸਿੱਧਾ ਹੁਕਮ ਦਿੱਤਾ: ''ਹੇ ਸ਼ੈਤਾਨ ਦੂਰ ਹੋ ਜਾਹ'' (ਆਇਤ 10)। ਫਿਰ ਯਿਸੂ ਨੇ ਵਿਵਸਥਾਸਾਰ 6:13 ਵਰਤਦੇ ਹੋਏ ਦੁਬਾਰਾ ਆਤਮਾ ਦੀ ਤਲਵਾਰ ਚਲਾਈ: ਕਿਉਂਕਿ ਲਿਖਿਆ ਹੈ, ਕਿ ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਮੱਥਾ ਟੇਕ ਅਤੇ ਉਸ ਇਕੱਲੇ ਦੀ ਉਪਾਸਨਾ ਕਰ'' (ਆਇਤ 10)। ਮਸੀਹ ਦੇ ਸ਼ਬਦਾਂ ਤੋਂ ਇਸ ਅਜ਼ਮਾਇਸ਼ ਦੀ ਚਤੁਰਾਈ ਸਾਹਮਣੇ ਆ ਗਈ। ਅਸਲ ਵਿਚ ਸ਼ੈਤਾਨ ਦੇ ਕਹਿਣ ਦਾ ਭਾਵ ਸੀ, ''ਮੇਰੀ ਉਪਾਸਨਾ ਕਰ ਅਤੇ ਮੈਂ ਤੈਨੂੰ ਇਨ੍ਹਾਂ ਰਾਜਾਂ ਦਾ ਪ੍ਰਭੂ ਬਣਾ ਦਵਾਂਗਾ।'' ਮਸੀਹ ਨੇ ਇਸ ਗੱਲ ਤੇ ਧਿਆਨ ਦੁਆਇਆ ਕਿ ਅਰਾਧਨਾ ਅਤੇ ਦਾਸ ਹੋਣ ਨੂੰ ਵੱਖ ਨਹੀਂ ਕਤਾ ਜਾ ਸਕਦਾ। ਬਗੈਰ ਸ਼ੈਤਾਨ ਦੇ ਦਾਸ ਬਣੇ ਉਹ ਉਸ ਦੀ ਅਰਾਧਨਾ ਨਹੀਂ ਕਰ ਸਕਦਾ ਸੀ। ਸ਼ੈਤਾਨ ਉਸ ਨੂੰ ਸੰਸਾਰ ਦੇ ਰਾਜਾਂ ਦਾ ਕਠਪੁਤਲੀ ਸ਼ਾਸਕ ਬਣਾ ਸਕਦਾ ਸੀ, ਪਰ ਅਸਲ ਵਿਚ ਉਸ ਦੇ ਹੱਥ ਕੁਝ ਨਹੀਂ ਹੋਣਾ ਸੀ। ਕੰਟਰੋਲ ਤਾਂ ਸ਼ੈਤਾਨ ਦੇ ਹੱਥ ਹੀ ਰਹਿਣਾ ਸੀ।

ਯਿਸੂ ਮੁੜ ਆਪਣੇ ਮਨ ਵਿਚ ਖ਼ੁਦਾ ਦੀ ਇੱਛਾ ਪੂਰੀ ਕਰਨ ਪ੍ਰਤੀ ਪੱਕਾ ਰਿਹਾ। ਉਹ ਆਪਣੇ ਰਾਜ ਦੀ ਸਥਾਪਨਾ ਕਰਨ ਲਈ ਸਲੀਬ ਚੜ੍ਹਨ ਨੂੰ ਤਿਆਰ ਸੀ।

ਮਸੀਹ ਦੇ ਜਵਾਬ ਨੇ ਇਹ ਵਿਖਾਇਆ ਕਿ ਖ਼ੁਦਾ ਦੇ ਈਨਾਮ ਅੰਤ: ਸ਼ੈਤਾਨ ਦੇ ਈਨਾਮ ਨਾਲੋਂ ਚੰਗੇ ਹੁੰਦੇ ਹਨ। ਸ਼ੈਤਾਨ ਉਨ੍ਹਾਂ ਈਨਾਮਾਂ ਨੂੰ ਮੋਹਕ ਬਣਾ ਸਕਦਾ ਹੈ, ਜਿਵੇਂ ਕਿ ਯਿਸੂ ਨੂੰ ਸੰਸਾਰ ਦੇ ਰਾਜਾ ਦੀ ਚਮਕ ਵਿਖਾਉਣ ਤੋਂ ਪਤਾ ਲਗਦਾ ਹੈ ਲੂਕਾ ਰਾਹੀਂ ਦਿੱਤੇ ਗਏ ਅਜ਼ਮਾਇਸ਼ ਦੇ ਇਸ ਵਿਰਤਾਂਤ ਵਿਚ ਕਈ ਗੱਲਾਂ ਸਾਫ਼ ਹੁੰਦੀਆਂ ਹਨ: ਸ਼ੈਤਾਨ ਨੇ ਯਿਸੂ ਨੂੰ ''ਪਲ ਭਰ ਵਿਚ'' ਦੁਨੀਆਂ ਦੀਅ ਹਕੂਮਤਾਂ ਵਿਖਾ ਦਿੱਤੀਆਂ (ਲੂਕਾ 4:5)। ਇਸ ਤੋਂ ਵੱਧ ਸਮੇਂ ਤਕ ਉਨ੍ਹਾਂ ਹਕੂਮਤਾਂ ਦੇ ਫੈਲਾਅ ਜਾਂ ਨਿਕੰਮੇਪਣ ਦਾ ਪਤਾ ਲਗ ਜਾਣਾ ਸੀ। ਉਨ੍ਹਾਂ ਦੀ ਚਮਕ ਸੋਨੇ ਦੀ ਨਹੀਂ ਬਲਕ ਪਾਣੀ ਚੜ੍ਹੀ[13] ਸੀ। ਜਿਵੇਂ ਯੂਹੰਨਾ ਨੇ ਕਿਹਾ ਹੈ, ''ਸੰਸਾਰ ਅਤੇ ਉਸ ਦੀਆਂ ਅਭਿਲਾਸ਼ਾਵਾਂ ਮਿਟਦੀਆਂ ਜਾਂਦੀਆਂ ਹਨ'' (1 ਯੂਹੰਨਾ 2:17)।

## ਸਾਰ

ਯਿਸੂ ਤੋਂ ਡਾਂਟ ਤੇ ਜਵਾਬ ਮਿਲਣ ਪਿੱਛੋਂ ਸ਼ੈਤਾਨ ਖਾਮੋਸ਼ ਸੀ, ਜਿਹੜਾ ਉਸਦੀ ਹਾਰ ਦਾ ਸਬੂਤ ਹੈ। ਆਇਤ 11 ਕਹਿੰਦੀ ਹੈ, ''ਤਦ ਸ਼ੈਤਾਨ ਉਹਨੂੰ ਛੱਡ ਗਿਆ। ...'' ਕਈ ਸਾਲ ਪਹਿਲਾਂ ਟੀ. ਬੀ. ਲੈਰੀਮੋਰ ਨੇ ਅਜ਼ਮਾਇਸ਼ ਤੇ ਵਚਨ ਸੁਣਾਇਆ ਸੀ। ਉਸਦਾ ਵੇਰਵਾ ਐਨਾ ਸਾਫ਼ ਸੀ ਕਿ ''ਸ਼ੈਤਾਨ ਉਹਨੂੰ ਛੱਡ ਗਿਆ'' ਕਹਿਣ ਤੇ ਸੁਣਨ ਦੇ ਵਾਲਿਆਂ ਮਿਲ ਕੇ ਲੰਮਾ ਸਾਹ ਲਿਆ ਸੀ।

ਪਰ ਲੂਕਾ ਦੇ ਵਿਰਤਾਂਤ ਵਿਚ ਇਹ ਵੀ ਜੋੜਿਆ ਗਿਆ ਹੈ ਕਿ ''ਸ਼ੈਤਾਨ ਜਦ ਸਾਰਾ ਪਰਤਾਵਾ ਕਰ ਹਟਿਆ, ਤਾਂ ਕੁਝ ਚਿਰ ਤੀਕਰ ਉਸ ਕੋਲੋਂ ਚਲਿਆ ਗਿਆ'' (4:13)। ਆਪਣੇ ਅਧਿਐਨ ਵਿਚ, ਅਸੀਂ ਅੱਗੇ ਵੇਖਾਂਗੇ ਕਿ ਕਿੰਝ ਸ਼ੈਤਾਨ ਮਸੀਹ ਦੀ ਅਜ਼ਮਾਇਸ਼ ਕਰਨ ਦੀ ਕੋਸ਼ਿਸ਼ ਕਰਦਾ ਰਿਹਾ: ਭੀੜ ਨੇ ਉਸ ਨੂੰ ਦੁਨਿਆਵੀ ਰਾਜੇ ਦਾ ਤਾਜ ਪੁਆਉਣ ਦੀ ਕੋਸ਼ਿਸ਼ ਕੀਤੀ (ਯੂਹੰਨਾ 6:15); ਲੋਕ ਲਗਾਤਾਰ ਉਸ ਤੋਂ ਨਿਸ਼ਾਨ ਮੰਗਦੇ ਸਨ (ਲੂਕਾ 11:29); ਉਸ ਦੇ ਆਪਣੇ ਚੇਲੇ ਨੇ ਉਸ ਨੂੰ ਸਲੀਬ ਤੇ ਜਾਣ ਤੋਂ ਹਿੰਮਤ ਢਾਹੁਣ ਦੀ ਕੋਸ਼ਿਸ਼ ਕੀਤੀ (ਮੱਤੀ 16:21–23)। ਫਿਰ ਵੀ ਯਿਸੂ ਨੇ ਸ਼ੈਤਾਨ ਅਤੇ ਉਸ ਦੇ ਭੇਜੇ ਹੋਇਆ ਨਾਲ ਇਵੇਂ ਗੱਲ ਕੀਤੀ, ਜਿਵੇਂ ਮਾਲਕ ਨੌਕਰ ਨਾਲ ਕਰਦਾ ਹੈ। ਉਸ ਨੇ ਜਿੱਤ ਹਾਸਲ ਕਰ ਲਈ ਸੀ।

ਉਜਾੜ ਵਿਚ ਮਸੀਹ ਆਪਣੀ ਸੇਵਕਾਈ ਲਈ ਤਿਆਰ ਹੋ ਕੇ ਆਇਆ। ਲੂਕਾ 4:14ੳ ਸਾਨੂੰ ਦੱਸਦਾ ਹੈ ਕਿ ''ਫਿਰ ਯਿਸੂ ਆਤਮਾ ਦੀ ਸਮਰਥ ਨਾਲ ਭਰਿਆ ਹੋਇਆ ਗਲੀਲ ਨੂੰ ਪਰਤਿਆ'' (ਲੂਕਾ 4:14)। ਅਜ਼ਮਾਇਸ਼ ਤੋਂ ਉਹ ਆਪਣੇ ਸਲੀਬ ਚੜ੍ਹਨ ਲਈ ਵੀ ਤਿਆਰ ਹੋ ਕੇ ਆਇਆ। ਉਹ ਖ਼ੁਦਾ ਦਾ ਨਿਸ਼ਪਾਪ ਪੁੱਤਰ ''ਨਿਰਦੋਸ਼ ਅਤੇ ਨਿਹਕਲੰਕ ਲੇਲਾ'' ਬਣਿਆ ਰਿਹਾ (1 ਪਤਰਸ 1:19)।

ਯਿਸੂ ਦੀ ਅਜ਼ਮਾਇਸ਼ ਦੀ ਇਸ ਕਹਾਣੀ ਵਿਚ ਸਾਡੇ ਲਈ ਵਿਹਾਰਕ ਸਬਦ ਹੈ। ਇਸ ਕਹਾਣੀ ਵਿਚ ਜੋਰ ਦਿੱਤਾ ਗਿਆ ਹੈ ਕਿ ਅਜ਼ਮਾਇਸ਼ ਦੀ ਤਿਆਰੀ ਕਰਨ ਲਈ ਪਰਮੇਸ਼ੁਰ ਦੇ ਵਚਨ ਨੂੰ ਸਿੱਖਣਾ ਅਤੇ ਯਾਦ ਕਰਨਾ ਜ਼ਰੂਰੀ ਹੈ। ਯਾਕੂਬ 4:7ਅ ਤੋਂ ਵੀ ਇਹੀ ਸੱਚਾਈ ਪਤਾ ਚੱਲਦੀ ਹੈ! ਸ਼ੈਤਾਨ ਦਾ ਸਾਹਮਣਾ ਕਰੋ, ਤਾਂ ਉਹ ਤੁਹਾਡੇ ਅੱਗੋਂ ਦੌੜ ਜਾਵੇਗਾ।'' ਸਭ ਤੋਂ ਕੀਮਤੀ ਸੰਦੇਸ਼ਾਂ ਵਿੱਚੋਂ ਇਕ ਇਹ ਹੈ ਕਿ ਸਾਡੇ ਤੇ ਆਉਣ ਵਾਲੀ ਅਜ਼ਮਾਇਸ਼ ਨੂੰ ਯਿਸੂ ਜਾਣਦਾ ਹੈ ਅਤੇ ਉਸ ਨੂੰ ਸਾਡੇ ਨਾਲ ਹਮਦਰਦੀ ਹੈ। ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਕਿਹਾ ਹੈ:

> ਕਿਉਂ ਜੋ ਸਾਡਾ ਪ੍ਰਧਾਨ ਜਾਜਕ ਇਹੋ ਜਿਹਾ ਨਹੀਂ ਜੋ ਸਾਡੀਆਂ ਦੁਰਬਲਤਾਈਆਂ ਵਿਚ ਸਾਡਾ ਦਰਦੀ ਨਾ ਹੋ ਸੱਕੇ ਸਗੋਂ ਸਾਰੀਆਂ ਗੱਲਾਂ ਵਿਚ ਸਾਡੇ ਵਾਂਙੁ ਪਰਤਾਇਆ ਗਿਆ ਪਰ ਉਹ ਪਾਪ ਤੋਂ ਰਹਿਤ ਰਿਹਾ। ਇਸ ਲਈ ਆਓ, ਅਸੀਂ ਕਿਰਪਾ ਦੇ ਸਿੰਘਾਸਣ ਦੇ ਅੱਗੇ ਦਿਲੇਰੀ ਨਾਲ ਚੱਲੀਏ ਭਈ ਅਸੀਂ ਦਯਾ ਪ੍ਰਾਪਤ ਕਰੀਏ ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ (ਇਬਰਾਨੀਆਂ 4:15, 16)।

ਖ਼ੁਦਾ ਦੀ ਮਦਦ ਨਾਲ, ਅਸੀਂ ਵੀ ਸ਼ੈਤਾਨ ਤੇ ਫ਼ਤਹਿ ਪਾ ਸਕਦੇ ਹਾਂ।[14]

## ਨੋਟਸ

ਵਿਜ਼ੁਅਲ–ਏਡ ਦੇ ਰੂਪ ਵਿਚ ਤੁਸੀਂ ''ਯਿਸੂ ਦਾ ਪਰਤਾਇਆ ਜਾਣਾ'' ਵਾਲਾ ਚਾਰਟ ਵੀ ਵਰਤ ਸਕਦੇ ਹੋ। ਬੋਰਡ ਤੇ ਉਜਾੜ ਵਿਚ ਸ਼ੈਤਾਨ ਅਤੇ ਸਾਡੇ ਪ੍ਰਭੂ ਦਾ ਸਾਹਮਣਾ ਕਰਨ ਦਾ ਚਿੱਤਰ ਬਣਾ ਕੇ ਇਸ ਨੂੰ ਵਿਖਾਇਆ ਜਾ ਸਕਦਾ ਹੈ।

ਖੱਬੇ ਪਾਸੇ ਦਾ ਕਾਲਮ ਸ਼ੈਤਾਨ ਵੱਲੋਂ ਕੀਤੀ ਗਈ ਅਜ਼ਮਾਇਸ਼ ਨੂੰ ਵਿਖਾਉਂਦਾ ਹੈ, ਜਦਕਿ ਸੱਜੇ ਪਾਸੇ ਦਾ ਕਾਲਮ ਉਸ ਦੇ ਜਵਾਬ ਨੂੰ ਵਿਖਾਉਂਦਾ ਹੈ। ਪਾਠ ਦੇ ਅਖ਼ੀਰ ਵਿਚ, ਮੈਂ ਬੋਰਡ ਦੇ ਉੱਤਰ ਦੇ ਪੀਸਾਂ ਦੀ ਥਾਂ, ਯਿਸੂ ਵੱਲ ਧਿਆਨ ਦਿੰਦੇ ਹੋਏ ''ਫ਼ਤਹਿਮੰਦ!'' ਸ਼ਬਦ ਲਿਖ ਦਿੰਦਾ ਹਾਂ। ਇਸ ਵਿਜ਼ੁਅਲ ਪੇਸ਼ਕਸ਼ ਦੀ ਵਰਤੋਂ ਪ੍ਰੋਜੈਕਟਰ ਨਾਲ ਕੀਤੀ ਜਾ ਸਕਦੀ ਹੈ। ਇਸ ਨੂੰ ਚਾਕ ਨਾਲ ਜਾਂ ਬੋਰਡ ਤੇ ਜਾਂ ਕਾਗਜ ਜਾਂ ਕਾਰਡ ਬੋਰਡ ਤੇ ਬਣਾਇਆ ਜਾ ਸਕਦਾ ਹੈ।

ਵਿਦਿਆਰਥੀਆਂ ਨੂੰ ਖੁਸ਼ ਕਰ ਕੇ ਛੋਟੇ ਬੱਚਿਆਂ ਨੂੰ ਸਿੰਗ ਅਤੇ ਪੂਛ ਵਾਲਾ ਸ਼ੈਤਾਨ ਪ੍ਰਭਾਵਿਤ ਕਰਦਾ ਹੈ। ਮੈਂ ਕੱਪੜੇ ਤੇ ਲਚਕਦਾਰ (ਬਿਨਾਂ ਘੁੰਡੀਆਂ ਵਾਲੀਆਂ ਕੁੰਡੀਆਂ ਲਾ ਕੇ) ਸ਼ੈਤਾਨ ਦੀ ਮੂਰਤ ਬਣਾਈ ਸੀ, ਤਾਂ ਜੋ ਅਖ਼ੀਰ ਵਿਚ ਉਸ ਦੀ ਸਥਿਤੀ ਅਜਿਹੀ ਹੋ ਸਕੇ ਜਿਸ ਨਾਲ ਉਹ ਹਾਰਿਆ ਨਜ਼ਰ ਆਵੇ, ਜਿਵੇਂ ਕਿ ਚਾਰਟ ਦੇ ਹੇਠਾਂ ਰੇਖਾਂ ਚਿੱਤਰ ਵਿਚ ਵਿਖਾਇਆ ਗਿਆ ਹੈ। ਯਕੀਨਨ ਸ਼ੈਤਾਨ ਸਾਡੇ ਸਾਹਮਣੇ ਸਿੰਗ ਅਤੇ ਪੂਛ ਲਾ ਕੇ ਨਹੀਂ ਆਉਂਦਾ। ਜੇ ਤੁਸੀਂ ਸ਼ੈਤਾਨ ਨੂੰ ਅਜਿਹੇ ਚਿੱਤਰ ਵਿਚ ਨਹੀਂ ਵਿਖਾਉਣਾ ਚਾਹੁੰਦੇ, ਤਾਂ ਉਸ ਦੀ ਮੌਜੂਦਗੀ ਧੁੰਦਲੇ ਅਕਾਰ ਵਿਚ ਵਿਖਾ ਸਕਦੇ ਹਾਂ।

ਜਿੱਥੇ ਅਸੀਂ ਰਹਿੰਦੇ ਹਾਂ, ਉੱਥੇ ਜੇ ਵਰਤਣਾ ਹੋਵੇ ਤਾਂ ਤੁਸੀਂ ਇਸ ਪਾਠ ਨੂੰ ''ਮਸੀਹ ਬਨਾਮ ਸ਼ੈਤਾਨ'' ਦਾ ਨਾਂਅ ਦੇ ਕੇ ਵਰਤ ਸਕਦੇ ਹਨਃ ''ਮੇਰੇ ਲਈ ਇਹ ਮੁਕਾਬਲਾ ਹਮੇਸ਼ਾ ਮਸੀਹ ਬਨਾਮ ਸ਼ੈਤਾਨ'' ਦਾ ਨਾਂਅ ਦੇ ਬਾਕਸਿੰਗ ਮੈਚ ਵਾਂਗ ਹੀ ਹੈ। ਸ਼ੈਤਾਨ ਇਕ ਮੁੱਕਾ ਮਾਰਦਾ ਹੈ। ਇੰਜ ਸ਼ੈਤਾਨ ਨੂੰ ਦੂਜੇ, ਤੀਜੇ ਮੁੰਕੇ ਦਾ ਜਵਾਬ ਮਿਲਦਾ ਹੈ। ਮੁੱਕੇਬਾਜ ਦੁਆਰਾ ਪਹਿਨੇ ਜਾਣ ਵਾਲੇ ਸਫ਼ੇਦ ਅਤੇ ਕਾਲੇ ਕੱਪੜੇ ਵੀ ਭਲਿਆਈ ਬਨਾਮ ਬੁਰਿਆਈ ਨੂੰ ਵਿਖਾਉਣ ਲਈ ਢੁਕਵੇਂ ਹੋਣਗੇ। ਇਸ ਦੇ ਰੂਹਾਨੀ ਮਹੱਤਵ ਦੇ ਇਲਾਵਾ, ਇਸ ਮੇਲ ਵਿਚ ਚੈਂਪਿਅਨਸ਼ਿਪ ਦੀ ਲੜਾਈ ਦਾ ਰੁਮਾਂਚ ਹੈ, ਜੋ ਕਿ ਅਸਲੀ ਹੈ।


---

ਟੱਪਣੀਆਂ

[1]ਇਸ ਪਾਠ ਦੀ ਵਧਰੇ ਸਮੱਗਰੀ ਜੀ. ਕੈਂਪਬੈੱਲ ਮੌਰਗਨ, *ਦ ਕ੍ਰਾਈਸਿਜ਼ ਆਫ਼ ਕ੍ਰਾਈਸਟ* (ਨਿਊ ਯਾਰਕਃ ਫ਼ਲੇਮਿੰਗ ਐੱਚ. ਰੇਵਲ ਕੰਃ 1936), 162–99 ਵਿੱਚੋਂ ਲਈ ਗਈ ਹੈ। [2]ਅਜ਼ਮਾਇਸ਼ ਤੇ ਇਸ ਤੋਂ ਪਹਿਲਾਂ ਪਾਠ ''ਨੇੜੇ ਆਇਆ ਹੈ'' ਵੇਖੋ। [3]ਮਰਕੁਸ 1:13 ਸਾਨੂੰ ਦੱਸਦਾ ਹੈ ਕਿ ਯਿਸੂ ਦੇ ਇਕ ਇੱਕੋ ਸਾਥੀ ''ਜੰਗਲੀ ਜਾਨਵਰ'' ਸਨ। [4]ਸਾਨੂੰ ਇਹ ਨਹੀਂ ਦੱਸਿਆ ਗਿਆ ਕਿ ਇਹ ਉਜਾੜ ਕਿੱਥੇ ਸਨ। ਇਹ ਯਹੂਦੀਆ ਦਾ ਉਜਾੜ ਹੋ ਸਕਦਾ ਹੈ, ਜਿੱਥੇ ਯੂਹੰਨਾ ਨੂੰ ਤਿਆਰ ਕੀਤਾ ਗਿਆ ਸੀ ਅਤੇ ਜਿੱਥੇ ਉਸਨੇ ਕਾਫ਼ੀ ਕੰਮ ਕੀਤਾ ਸੀ (ਮੱਤੀ 3:1, 3; 11:7; ਲੂਕਾ 1:80; 3:1, 2)। ''ਮਸੀਹ ਦੀ ਜ਼ਿੰਦਗੀ ਦੌਰਾਨ ਫ਼ਲਸਤੀਨ'' ਦਾ ਨਕਸ਼ਾ ਵੇਖੋ। [5]ਅਜੋਕੇ ਸਮਿਆਂ ਵਿਚ ਇਹ ਵਿਖਾਇਆ ਜਾਂਦਾ ਹੈ ਕਿ ਕੁਝ ਲੋਕ ਪਾਣੀ ਪੀ ਕੇ ਚਾਲੀ ਦਿਨ ਤਕ ਬਿਨਾਂ ਰੋਟੀ ਖਾਧੀ ਰਹਿ ਸਕਦੇ ਹਨ। [6]ਅਜ਼ਮਾਇਸ਼ ਦਾ ਅਧਿਐਨ ਕਰਨ ਦਾ ਇਕ ਵੱਡਾ ਲਾਭ ਹਰ ਅਜ਼ਮਾਇਸ਼ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕਰਨਾ ਹੈ ਕਿ ਇਹ ਗਲਤ *ਕਿਉਂ* ਨਹੀਂ ਸੀ ਅਤੇ ਮਸੀਹ ਨੇ ਇਸ ਦਾ ਸਾਹਮਣਾ ਕਿਵੇਂ ਕੀਤਾ। ਕੁਝ ਲੋਕਾਂ ਦਾ ਮੰਨਣਾ ਹੈ ਕਿ ਸ਼ੈਤਾਨ ਦੇ ਸੁਝਾਅ ਸਿਰਫ਼ ਇਸ ਲਈ ਗਲਤ ਸਨ, ਕਿਉਂਕਿ ਉਹ ਸ਼ੈਤਾਨ ਦੇ ਸਨ, ਜਿਸ ਕਰਕੇ ਉਨ੍ਹਾਂ ਨੂੰ ਇਸ ਤੇ ਵਿਚਾਰ ਕਰਨ ਦੀ ਲੋੜ ਹੀ ਨਹੀਂ ਲਗਦੀ ਸੀ। ਜੇ ਸਾਡੇ ਕੋਲ

ਲਾਲ ਰੰਗਾ ਸੂਟ ਪਾ ਕੇ ਸਿੰਗ ਅਤੇ ਧਾਰੀਦਾਰ ਪੂਛ ਲਾ ਕੇ ਆ ਜਾਵੇ ਤਾਂ ਸਾਨੂੰ ਉਹਨੂੰ ਪਛਾਣਨ ਵਿਚ ਮਿੰਟ ਨਹੀਂ ਲੱਗੇਗਾ। ਫਿਰ ਅਸੀਂ ਉਸ ਦਅਜ਼ਮਾਇਸ਼ ਦਾ ਜਵਾਬ ਦੇ ਸਕਣਾ ਸੀ ਕਿ ''ਇਹ ਗਲਤ ਹੈ ਕਿਉਂਕਿ ਇਹ ਸ਼ੈਤਾਨ ਦਾ ਸੁਝਾਅ ਹੈ।'' ਅਫ਼ਸੋਸ ਕਿ ਉਹ ਸਾਡੇ ਕੋਲ ''ਚਾਨਣ ਦੇ ਦੂਤ'' ਦੇ ਰੂਪ ਵਿਚ ਆਉਂਦਾ ਹੈ (2 ਕੁਰਿੰਥੀਆਂ 11:14)। ਜੇ ਅਸੀਂ ਇਹ ਨਹੀਂ ਸਮਝਦੇ ਕਿ ਕੋਈ ਖ਼ਾਸ ਅਜ਼ਮਾਇਸ਼ ਗਲਤ ਕਿਉਂ ਹੈ, ਤਾਂ ਉਹ ਸਾਨੂੰ ਗੁਮਰਾਹ ਕਰ ਸਕਦਾ ਹੈ। [7]ਤੁਸੀਂ ਇਸ ਸ਼ਬਦ ਦੀ ਕਿਸੇ ਹੋਰ ਬੁਰਿਆਈ ਦੀਆਂ ਕੁਝ ਉਦਾਹਰਣਾਂ ਦੇ ਸਕਦੇ ਹੋ। [8]ਦ ਲਿਵਿੰਗ ਬਾਈਬਲ ਵਿਚ ਇਸ ਦਾ ਅਨੁਵਾਦ ਹੈ, ''ਇਹ ਵੀ ਕਿਹਾ ਗਿਆ ਹੈ ਕਿ ਪ੍ਰਭੂ ਆਪਣੇ ਪਰਮੇਸ਼ੁਰ ਦੀ ਮੂਰਖਤਾ ਨਾਲ ਪਰਖ ਨਾ ਕਰ।'' [9]ਰਵਾਇਤੀ ਤੌਰ ਤੇ ਅਜ਼ਮਾਇਸ਼ ਦੀ ਥਾਂ ਤਾਬੋਰ ਪਹਾੜ ਹੀ ਸੀ (''ਮਸੀਹ ਦੀ ਜ਼ਿੰਦਗੀ ਦੌਰਾਨ ਫ਼ਲਸਤੀਨ'' ਦਾ ਨਕਸ਼ਾ ਵੇਖੋ), ਪਰ ਬਾਈਬਲ ਇਹ ਨਹੀਂ ਦੱਸਦੀ ਕਿ ਇਹ ਉਹੀ ਪਹਾੜ ਸੀ। [10]ਕੁਝ ਲੋਕਾਂ ਦਾ ਮੰਨਣਾ ਹੈ ਕਿ ਅਜ਼ਮਾਇਸ਼ ਵਿਚ ਝੂਠ ਸੀ: ''ਸ਼ੈਤਾਨ ਨੇ ਉਹ ਦੇਣ ਦਾ ਵਾਅਦਾ ਕੀਤਾ, ਜੋ ਉਹ ਦੇ ਨਹੀਂ ਸਕਦਾ ਸੀ।'' ਅਜਿਹੀ ਅਜ਼ਮਾਇਸ਼ ਮੇਰੇ ਅਤੇ ਤੁਹਾਡੇ ਵਰਗੇ ਲੋਕਾਂ ਤੇ ਤਾਂ ਅਸਰ ਕਰ ਸਕਦੀ ਹੈ, ਪਰ ਯਕੀਨਨ ਯਿਸੂ ਤੇ ਨਹੀਂ, ਜਿਸ ਨੂੰ ਰੂਹਾਨੀ ਦੁਨੀਆ ਦੀ ਪੂਰੀ ਜਾਣਕਾਰੀ ਸੀ।

[11]2 ਕੁਰਿੰਥੀਆਂ 4:4 ਵਿਚ ਪੌਲੁਸ ਨੇ ਅਜਿਹੇ ਹੀ ਇਜ਼ਹਾਰ ਦੀ ਵਰਤੋਂ ਕੀਤੀ। ਇਹ ਸਮਝਾਇਆ ਜਾਣਾ ਚਾਹੀਦਾ ਹੈ ਕਿ *ਅਖ਼ੀਰ ਵਿਚ* ਕੰਟਰੋਲ ਖ਼ੁਦਾ ਦੇ ਹੱਥ ਵਿਚ ਹੀ ਹੈ ਅਤੇ ਸ਼ੈਤਾਨ ਕੋਲ ਜੋ ਵੀ ਸ਼ਕਤੀ ਹੈ, ਉਸ ਦੀ *ਇਜਾਜ਼ਤ* ਉਸ ਨੇ ਦਿੱਤੀ ਹੋਈ ਹੈ। ਖ਼ੁਦਾ ਸ਼ੈਤਾਨ ਦੀਆਂ ਗਤੀਵਿਧੀਆਂ ਨੂੰ ਸੀਮਿਤ ਕਰਦਾ ਹੈ ... ਪਰ ਇਸ ਤੇ ਚਰਚਾ ਇਸ ਪਾਠ ਦੇ ਖੇਤਰ ਚੋਂ ਬਾਹਰ ਹੈ (ਉਸ ਵਿਸ਼ੇ ਨੂੰ ਹੋਰ ਸਮਝਣ ਲਈ, ਅੱਯੂਬ ਦੀ ਕਿਤਾਬ ਦੇ ਪਹਿਲੇ ਦੋ ਪਾਠ ਪੜ੍ਹੋ।) ਅਜੇ ਸੁਣਨ ਵਾਲਿਆਂ ਲਈ ਇਹੀ ਸਮਝਾਉਣਾ ਕਾਫ਼ੀ ਹੈ ਕਿ ਤੀਜੀ ਅਜ਼ਮਾਇਸ਼ ਅਸਲ ਅਜ਼ਮਾਇਸ਼ ਸੀ। [12]ਅਸੀਂ ਸਮਝਦੇ ਹਾਂ ਕਿ ਜੇ ਯਿਸੂ ਨਾ ਮਰਦਾ ਤਾਂ ਤੁਸੀਂ ਅਤੇ ਮੈਂ ਬਚਾਏ ਨਹੀਂ ਜਾ ਸਕਦੇ ਸਾਂ (ਇਬਰਾਨੀਆਂ 9:22; ਅਫ਼ਸੀਆਂ 1:7), ਪਰ ਸ਼ੈਤਾਨ ਅਸਲ ਵਿਚ ਯਿਸੂ ਨੂੰ ਦੂਜਿਆਂ ਨੂੰ ਭੁੱਲ ਕੇ ਸਿਰਫ਼ ਆਪਣੇ ਬਾਰੇ ਵਿਚ ਸੋਚਣ ਲਈ ਆਖ ਰਿਹਾ ਸੀ (ਜਿਵੇਂ ਉਸ ਨੇ ਭਾਵ ਸ਼ੈਤਾਨ ਨੇ ਸੋਚਿਆ ਸੀ)। ਮਸੀਹ ਜਨਮ ਤੋਂ ਰਾਜਾ ਸੀ, ਅਤੇ ਸ਼ੈਤਾਨ ਨੇ ਉਸ ਨੂੰ ਤਾਜ ਪਹਿਨਾਉਣ ਦੀ ਪੇਸ਼ਕਸ਼ ਕੀਤੀ ਅਤੇ ਸਾਰੀ ਮਨੁੱਖ ਜਾਤੀ ਨੂੰ ਦੇਣ ਦਾ ਵਾਅਦਾ ਕੀਤਾ। [12]ਗੋਟਾ ਕਿਨਾਰੀ ਖ਼ਾਸ ਮੌਕਿਆਂ ਲਈ ਸਜਾਵਟ ਵਿਚ ਵਰਤੀ ਜਾਣ ਵਾਲੀ ਸਸਤੀ, ਚਮਕੀਲੀ ਸਮੱਗਰੀ ਹੁੰਦੀ ਹੈ। ਬਾਅਦ ਵਿਚ ਉਹ ਕਿਨਾਰੀ ਲਾਹ ਦੇ ਸੁੱਟ ਦਿੱਤੀ ਜਾਂਦੀ ਹੈ। [14]ਇਸ ਸਰਮਨ ਦੀ ਵਰਤੋਂ ਕਰਨ ਵੇਲੇ ਤੁਹਾਨੂੰ ਇਹ ਸਮਝਾਉਣਾ ਚਾਹੀਦਾ ਹੈ ਕਿ ਖ਼ੁਦਾ ਦੀ ਮਦਦ ਚਾਹੁਣ ਵਾਲੇ ਦਾ ਉਸ ਨਾਲ ਸਹੀ ਸਬੰਧ ਹੋਣਾ ਲਾਜ਼ਮੀ ਹੈ। ਪਹਿਲਾਂ, ਭਰੋਸਾ ਕਰਕੇ ਹੁਕਮ ਮੰਨਣ ਦੇ ਰਾਹੀਂ ਖ਼ੁਦਾ ਦੀ ਸੰਤਾਨ ਬਣਨਾ ਜ਼ਰੂਰੀ ਹੈ (ਮਰਕੁਸ 16:16; ਰਸੂਲਾਂ ਦੇ ਕੰਮ 2:38)। ਫਿਰ ਉਸ ਨਾਲ ਸਹੀ ਸਬੰਧ ਬਣੇ ਰਹਿਣਾ ਜ਼ਰੂਰੀ ਹੈ। ਯਾਕੂਬ 4:7 ਦਾ ਭਾਵ ਹੈ ਕਿ ''ਸ਼ੈਤਾਨ ਦਾ ਮੁਕਾਬਲਾ'' ਕਰਨ ਤੋਂ ਪਹਿਲਾਂ ਸਾਡੇ ਲਈ ''ਖ਼ੁਦਾ ਅੱਗੇ ਝੁਕਣਾ'' ਜ਼ਰੂਰੀ ਹੈ।




(ਪੇਸ਼ਕਸ਼ ਦੇ ਅਖ਼ੀਰ ਵਿਚ ਇਸ ਡਿਸਪਲੇ ਦੇ ਸ਼ਿਖਰ ਨੂੰ ਇਸ ਤਰ੍ਹਾਂ ਤਰਤੀਬ ਦਿਓ।)

